International Journal of Applied Research 2021; 7(5): 426-430



International Journal of Applied Research

**ISSN Print:** 2394-7500
**ISSN Online:** 2394-5869
**Impact Factor:** 8.4
IJAR 2021; 7(5): 426-430
www.allresearchjournal.com
Received: 12-03-2021
Accepted: 03-04-2021

**ਡਾ. ਸਤਪ੍ਰੀਤ ਸਿੰਘ ਜੱਸਲ**
ਸਹਾਇਕ ਪ੍ਰੋਫੈਸਰ (ਪੰਜਾਬੀ),
ਗੁਰੂ ਨਾਨਕ ਦੇਵ ਯੂਨੀਵਰਸਿਟੀ
ਖੇਤਰੀ ਕੈਂਪਸ, ਜਲੰਧਰ, ਪੰਜਾਬੀ, ਭਾਰਤ

**Corresponding Author:**
**ਡਾ. ਸਤਪ੍ਰੀਤ ਸਿੰਘ ਜੱਸਲ**
ਸਹਾਇਕ ਪ੍ਰੋਫੈਸਰ (ਪੰਜਾਬੀ),
ਗੁਰੂ ਨਾਨਕ ਦੇਵ ਯੂਨੀਵਰਸਿਟੀ
ਖੇਤਰੀ ਕੈਂਪਸ, ਜਲੰਧਰ, ਪੰਜਾਬੀ, ਭਾਰਤ

# ਜਪੁ ਜੀ ਸਾਹਿਬ: ਦਾਰਸ਼ਨਿਕ ਪਰਿਪੇਖ

**ਡਾ. ਸਤਪ੍ਰੀਤ ਸਿੰਘ ਜੱਸਲ**

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਾਬਾ ਨਾਨਕ ਵੀ ਕਿਹਾ ਜਾਂਦਾ ਹੈ। ਸਿੱਖ ਧਰਮ ਦੇ ਦਸ ਗੁਰੂ ਸਾਹਿਬਾਨ ਵਿਚੋਂ ਇਹ ਪਹਿਲੇ ਗੁਰੂ ਹੋਏ ਹਨ। ਹਰ ਵਰ੍ਹੇ ਦੀ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮਦਿਨ ਨੂੰ, ਸਾਰੇ ਸੰਸਾਰ ਵਿਚ, 'ਗੁਰਪੁਰਬ ਗੁਰੂ ਨਾਨਕ ਦੇਵ ਜੀ' ਵਜੋਂ ਮਨਾਇਆ ਜਾਂਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਉੱਤੇ ਸਾਰਾ ਸੰਸਾਰ ਬਹੁਤ ਸਤਿਕਾਰ ਅਤੇ ਸ਼ਰਧਾ ਨਾਲ ਅਮਲ ਵੀ ਕਰਦਾ ਹੈ। ਉਹਨਾਂ ਨੇ ਅਧਿਆਤਮਿਕ, ਸਮਾਜਿਕ ਅਤੇ ਰਾਜਨੀਤਕ ਪੱਖ ਤੋਂ ਸਾਂਝੀਵਾਲਤਾ ਅਤੇ ਭਰਾਤਰੀ ਭਾਵ ਦਾ ਜੋ ਵੱਡਮੁੱਲਾ ਸੰਦੇਸ਼ ਦਿੱਤਾ, ਉਹ ਕਿਸੇ ਇਕ ਕੌਮ, ਦੇਸ਼ ਦਾ ਨਾ ਹੋ ਕੇ ਸਗੋਂ ਸਮੁੱਚੇ ਸੰਸਾਰ ਦੀ ਮਾਨਵਤਾ ਦਾ ਮਾਰਗ ਦਰਸ਼ਨ ਬਣ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ 974 ਸ਼ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਤਿਕਾਰਤ ਸਥਾਨ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਨੂੰ ਗੁਰਮਤਿ ਪਰੰਪਰਾ ਦੇ ਬਾਨੀ ਵਜੋਂ ਅਤਿ-ਸਤਿਕਾਰਤ ਸਥਾਨ ਪ੍ਰਾਪਤ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਖ਼ਤਰੀ ਪਰਿਵਾਰ ਵਿਚ ਹੋਇਆ। ਇਹਨਾਂ ਦੇ ਪਿਤਾ ਜੀ ਦਾ ਨਾਂ ਕਲਿਆਣ ਚੰਦ ਦਾਸ ਬੇਦੀ ਸੀ ਅਤੇ ਉਹ ਮਹਿਤਾ ਕਾਲੂ ਵਜੋਂ ਪ੍ਰਸਿੱਧ ਸਨ ਅਤੇ ਮਾਤਾ ਜੀ ਦਾ ਨਾਂ ਮਾਤਾ ਤ੍ਰਿਪਤਾ ਸੀ। ਗੁਰੂ ਨਾਨਕ ਦੇਵ ਜੀ ਦਾ ਬਾਲਪਨ ਬਹੁਤ ਸਾਰੀਆਂ ਬਚਿੱਤਰ ਅਤੇ ਰੱਬ-ਰੂਪੀ ਕਹਾਣੀਆਂ ਨਾਲ ਜੁੜ੍ਹਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਉਹ ਅਧਿਆਤਮਿਕ ਵਿਸ਼ਿਆਂ ਵਿਚ ਰੁਚੀ ਲੈਣ ਲੱਗ ਪਏ ਸਨ। ਉਸ ਵੇਲੇ ਦੀ ਸਮਾਜਿਕ ਪ੍ਰਥਾ ਅਨੁਸਾਰ, ਜਦੋਂ ਉਹਨਾਂ ਨੂੰ ਸੱਤ ਸਾਲ ਦੀ ਉਮਰ ਵਿਚ ਪਾਂਧੇ ਕੋਲ ਪੜ੍ਹਣ ਲਈ ਭੇਜਿਆ ਗਿਆ ਤਾਂ ਉਹਨਾਂ ਨੇ ਪਾਂਧੇ ਨੂੰ 'ਇਕ' ਅੱਖਰ ਦੇ ਜਿਹੜੇ ਅਰਥ ਦੱਸੇ, ਉਹਨਾਂ ਅਰਥਾਂ ਤੋਂ ਸਾਰੇ ਹੈਰਾਨ ਰਹਿ ਗਏ। ਉਹਨਾਂ ਨੇ ਪ੍ਰਮਾਤਮਾ ਇਕ ਹੈ ਦੀ ਜੋ ਵਿਆਖਿਆ ਕੀਤੀ ਇਸ ਨਾਲ ਚਰਚਾ ਹੋਣ ਲੱਗ ਪਈ ਕਿ ਰੱਬੀ ਨੂਰ ਦਾ ਪ੍ਰਕਾਸ਼ ਹੋ ਗਿਆ ਹੈ। ਇਸ ਤਰ੍ਹਾਂ ਸਮਾਜ ਵਿਚ ਗੁਰੂ ਨਾਨਕ ਦੇਵ ਜੀ ਦਾ ਬਾਲਪਨ ਤੋਂ ਹੀ ਪ੍ਰਭਾਵ ਸ਼ੁਰੂ ਹੋ ਗਿਆ ਸੀ। ਇੱਥੇ ਦੂਸਰੀ ਗੱਲ ਅੰਕਿਤ ਕਰਨੀ ਵੀ ਲਾਜ਼ਮੀ ਹੋ ਜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਬਾਣੀ 'ਜਪੁ ਜੀ' ਦੀ ਰਚਨਾ ਸੁਲਤਾਨਪੁਰ ਲੋਧੀ ਵਿਖੇ ਕੀਤੀ। ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਨਾਨਕੀ ਦਾ ਵਿਆਹ 1475 ਈਸਵੀ ਵਿਚ ਸੁਲਤਾਨਪੁਰ ਲੋਧੀ ਦੇ ਸ੍ਰੀ ਜੈ ਰਾਮ ਜੀ ਨਾਲ ਹੋਇਆ ਸੀ ਅਤੇ ਗੁਰੂ ਨਾਨਕ ਦੇਵ ਜੀ 16 ਸਾਲ ਦੀ ਉਮਰ ਵਿਚ ਸੁਲਤਾਨਪੁਰ ਲੋਧੀ ਵਿਖੇ ਦੌਲਤ ਖਾਨ ਦੇ ਮੋਦੀਖਾਨੇ ਵਿਚ ਕੰਮ ਕਰਨ ਲੱਗੇ। ਮੋਦੀਖਾਨੇ ਵਿਚ ਕੰਮ ਕਰਦਿਆਂ ਉਹਨਾਂ ਨੇ 'ਤੇਰਾਂ-ਤੇਰਾਂ' ਤੋਲਦਿਆਂ ਰੱਬੀ ਨੂਰ ਦਾ ਜੋ ਪ੍ਰਭਾਵ ਸਿਰਜਿਆ ਉਸ ਤੋਂ ਸਾਰਾ ਸੰਸਾਰ ਜਾਣੂ ਹੈ। ਅਸਲ ਵਿਚ 'ਤੇਰਾਂ-ਤੇਰਾਂ' ਵਿਚ ਗੁਰੂ ਜੀ ਦਾ ਉਪਦੇਸ਼ ਅਧਿਆਤਮਕ ਅਤੇ ਮਾਨਵੀ ਕਲਿਆਣ ਨਾਲ ਜੁੜਿਆ ਹੋਇਆ ਹੈ। ਇੱਥੇ ਰਹਿੰਦਿਆਂ ਉਹ ਬੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਅਤੇ ਉਪਰੰਤ 'ਜਪੁ ਜੀ' ਸਾਹਿਬ ਦੀ ਰਚਨਾ ਕੀਤੀ। ਇਸ ਸਬੰਧੀ ਭਾਈ ਵੀਰ ਸਿੰਘ ਨੇ 'ਪੁਰਾਤਨ ਜਨਮਸਾਖੀ' (1967:39-41) ਵਿਚ ਅੰਕਿਤ ਕੀਤਾ ਹੈ ਕਿ "ਇਕਿ ਦਿਨਿ ਆਗਿਆ ਪਰਮੇਸਰ ਕੀ ਹੋਈ, ਜੋ ਨਿਤਾਪ੍ਰਤਿ ਦਰਿਆਉ ਵੈਦਾ ਆਹਾ, ਸੁ ਇਕਿ ਦਿਨਿ ਇਕੁ ਖਿਜਮਤਿ ਦਾਰੁ ਲੈਕਰਿ ਗਇਆ, ਕਪੜੇ ਲਾਹਿ ਖਿਜਮਤਿਦਾਰ ਕੇ ਹਵਾਲੈ ਕੀਤੇ, ਆਪਿ ਨਾਵਣਿ ਪਇਆ। ਜਿਉਂ ਪਇਆ ਤਿਉਂ ਅਗਿਆ ਪਰਮੇਸਰ ਕੀ ਨਾਲਿ, ਸੇਵਕ ਲੈ ਗਏ ਦਰਗਾਹ ਪਰਮੇਸਰ ਕੀ। ਸੇਵਕਾਂ ਜਾਇ ਅਰਜ਼ ਕੀਤੀ: 'ਜੀ

ਨਾਨਕ ਹਾਜਰੁ ਹੈ'।ਤਬਿ ਸਚੀ ਦਰਗਾਹੁ ਦਰਸਨੁ ਹੋਆ, ਸਾਹਿਬ ਮਿਹਰਵਾਨੁ ਹੋਆ।... ਆਗਿਆ ਪਰਮੇਸਰ ਕੀ ਹੋਈ, ਜੋ ਨਾਨਕੁ ਭਗਤੁ ਹਾਜਰੁ ਹੋਆ, ਤਾਂ ਅੰਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲਿ ਮਿਲਿਆ।ਹੁਕਮੁ ਹੋਆ: ਨਾਨਕ! ਇਹੁ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਪੀਤਾ, ਸਾਹਿਬੁ ਮਿਹਰਵਾਨੁ ਹੋਆ: 'ਨਾਨਕੁ ਮੈਂ ਤੇਰੇ ਨਾਲਿ ਹਾਂ।ਮੈਂ ਤੇਰੇ ਤਾਈਂ ਨਿਹਾਲੁ ਕੀਆ ਹੈ, ਅਰੁ ਜੋ ਤੇਰਾ ਨਾਉ ਲੇਵੇਗਾ ਸੋ ਸਭ ਮੈ ਨਿਹਾਲ ਕੀਤੇ ਹੈਨਿ।ਤੂ ਜਾਇ ਕਰਿ ਮੇਰਾ ਨਾਮੁ ਜਪਿ, ਅਰੁ ਲੋਕਾ ਥੀਂ ਭੀ ਜਪਾਇ।ਅਰੁ ਸੰਸਾਰ ਥੀਂ ਨਿਰਲੇਪ ਰਹੁ।ਨਾਮੁ, ਦਾਨੁ, ਇਸਨਾਨੁ, ਸੇਵਾ, ਸਿਮਰਨ ਵਿਚਿ ਰਹੁ।ਮੈਂ ਤੇਰੇ ਤਾਈਂ ਆਪਣਾ ਨਾਮੁ ਦੀਆ ਹੈ।... ਤਬਿ ਫਿਰਿ ਅਵਾਜ ਹੋਆ: 'ਨਾਨਕ ਮੇਰਾ ਹੁਕਮੁ ਤੇਰੀ ਨਦਰੀ ਆਇਆ ਹੈ, ਤੂੰ ਮੇਰੇ ਹੁਕਮ ਕੀ ਸਿਫਤਿ ਕਰੁ।ਜੋ ਕਿਸੀ ਕਿਆ ਕਿਆ ਹੋਆ ਹੈ, ਅਤੇ ਮੇਰੇ ਦਰਿ ਵਿਚ ਕਿਆ ਕਿਆ ਸੁਣਿਆ ਬਜੰਤ੍ਰ ਗਾਵਨ ਹਾਰੇ'।ਤਬਿ ਬਾਬਾ ਬੋਲਿਆ, ਧੁਨਿ ਉਠੀ:- ਰਾਗੁ ਆਸਾ ਜਪੁ ਮ:1॥ਸਲੋਕ॥ ਆਦਿ ਸਚੁ ਜੁਗਾਦਿ ਸਚੁ॥ਹੈਭੀ ਸਚੁ ਨਾਨਕ ਹੋਸੀ ਭੀ ਸਚੁ॥1॥ਜਪੁ ਸੰਪੂਰਣ ਕੀਤਾ।" ਇਸ ਨੂੰ ਧਾਰਮਿਕ, ਸਦਾਚਾਰਕ, ਸਮਾਜਿਕ, ਦਾਰਸ਼ਨਿਕ ਵਿਚਾਰਾਂ ਭਾਵਾਂ ਤੇ ਅਨੁਭਵਾਂ ਦਾ ਨਿਚੋੜ ਕਿਹਾ ਜਾਂਦਾ ਹੈ।ਡਾ. ਹਰਨਾਮ ਸਿੰਘ ਸ਼ਾਨ (1990:5) ਅਨੁਸਾਰ " ਜਪੁ ਜੀ ਦੀ ਗੋਰਵਤਾ ਦਾ ਅਨੁਮਾਨ ਇਸ ਗੱਲੋਂ ਵੀ ਲਾਇਆ ਜਾ ਸਕਦਾ ਹੈ ਕਿ ਸਾਰਾ ਸਿੱਖ ਸੰਸਾਰ ਇਸ ਨੂੰ ਗੁਰੂ ਨਾਨਕ ਜੀ ਦੀ ਸਰਬੋਤਮ ਅਤੇ ਸਿੱਖ-ਸਾਹਿੱਤ ਦੀ ਬੁਨਿਆਦੀ ਤੇ ਸਰਬ-ਸ਼ਰੋਮਣੀ ਬਾਣੀ ਮੰਨਦਾ ਹੈ।ਗ਼ੈਰ ਸਿੱਖ ਵਿਦਵਾਨ ਵੀ ਇਸ ਸਬੰਧ ਵਿਚ ਇਕ-ਰਾਏ ਹਨ।ਰਾਧਾ ਕ੍ਰਿਸ਼ਨਨ ਅਨੁਸਾਰ : ਟਿ ਸਿ ਟਹਏ ਬਓਸਚਿ ਰਏਲਗਿ੍ਸਿ ਟਏਣਟ`ਡ ਟਹਏ ਸ਼ਕਿਹਸ. ਅਰਥਾਤ: "ਇਹ ਸਿੱਖਾਂ ਦੀ ਮੁੱਢਲੀ ਧਰਮ-ਪੁਸਤਕ ਹੈ"।ਇਸ ਦਾ ਪ੍ਰਤੱਖ ਕਾਰਨ ਇਹ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਸਿੱਖੀ ਦੇ 'ਇਸ਼ਟ' ਹਨ ਅਤੇ 'ਜਪੁ' ਉਨ੍ਹਾਂ ਦੀ ਵਿਚਾਰ-ਧਾਰਾ ਦਾ ਤੱਤ-ਸਾਰ ਹੋਣ ਕਰਕੇ, ਸਿੱਖ ਸਿਧਾਂਤ ਦਾ ਧੁਰਾ ਹੈ।"

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿਚ ਹੋਇਆ।ਭਾਰਤ ਵਿਚ ਇਸ ਸਮੇਂ ਦੀ ਧਾਰਮਿਕ, ਸਮਾਜਿਕ, ਸਭਿਆਚਾਰਕ, ਰਾਜਨੀਤਿਕ ਸਥਿਤੀ ਕਈ ਪੱਖਾਂ ਤੋਂ ਬਹੁਤ ਹੀ ਤਰਸਭਾਵੀ ਬਣੀ ਹੋਈ ਸੀ।ਆਮ ਲੋਕਾਂ ਵਿਚ ਬੇਬਸੀ, ਨਿਰਾਸ਼ਤਾ ਵੇਖਣ ਨੂੰ ਮਿਲ ਰਹੀ ਸੀ।ਸੱਚ ਵਿਖਾਈ ਨਹੀਂ ਦੇ ਰਿਹਾ ਸੀ, ਝੂਠ ਪਸਰਿਆ ਹੋਇਆ ਸੀ।ਇਸ ਸਬੰਧੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।*
*ਹਉ ਭਾਲਿ ਵਿਕੁੰਨੀ ਹੋਈ।*
*ਆਧੇਰ ਰਾਹੁ ਨ ਕੋਈ।*
*ਵਿਚਿ ਹਉਮੈ ਕਰਿ ਦੁਖੁ ਰੋਈ।*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।(ਰਾਗ ਮਾਝ)*

ਉਪਰੋਕਤ ਬਾਣੀ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਰਾਜੇ ਕਸਾਈ ਰੂਪੀ ਸਨ ਅਤੇ ਧਰਮ ਖੰਭ ਲਾ ਕੇ ਉੱਡ ਗਿਆ ਸੀ, ਮੱਸਿਆ ਦੀ ਰਾਤ ਵਾਂਗ ਝੂਠ ਫੈਲਿਆ ਹੋਇਆ ਸੀ ਅਤੇ ਸੱਚ ਰੂਪੀ ਚੰਦਰਮਾ ਕਿਤੇ ਦਿਖਾਈ ਨਹੀਂ ਦੇ ਰਿਹਾ ਸੀ।ਸੱਚ ਨੂੰ ਲੱਭਣ ਦੇ ਯਤਨ ਕੀਤੇ ਜਾ ਰਹੇ ਸਨ ਪਰ ਹਨ੍ਹੇਰੇ ਵਿਚ ਕੋਈ ਰਾਹ ਦਿਖਾਈ ਨਹੀਂ ਦੇ ਰਿਹਾ ਸੀ।ਇਹ ਬਹੁਤ ਵੱਡਾ ਸਵਾਲ ਬਣਿਆ ਹੋਇਆ ਸੀ ਕਿ ਹਨ੍ਹੇਰੇ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ? ਇਹੀ ਨਹੀਂ ਸਮਾਜ ਦੀ ਸਤਾ ਦੀ ਸਥਿਤੀ ਵੀ ਚੰਗੀ ਨਹੀਂ ਸੀ।ਜਿਨ੍ਹਾਂ ਨੇ ਸਮਾਜ ਦੀ ਰਾਖੀ ਕਰਨੀ ਸੀ ਉਹੀ ਸਮਾਜ ਲਈ ਘਾਤਕ ਸਿੱਧ ਹੋ ਰਹੇ ਸਨ, ਰਾਜੇ ਅਤੇ ਅਹਿਲਕਾਰ ਲੋਕਾਂ ਲਈ ਦੋਖੀ ਬਣੇ ਹੋਏ ਸਨ:

*ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜਿਆ ਨਾਉ।*
*ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ।*
*ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ।*
*ਪਹਿਲੇ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ।*
*ਰਾਜੇ ਸੀਹ ਮੁਕਦਮ ਕੁਤੇ।*
*ਜਾਇ ਜਗਾਇਨਿ ਬੈਠੇ ਸੁਤੇ।*
*ਚਾਕਰ ਨਹਦਾ ਪਾਇਨਿ ਘਾਉ।*
*ਰਤੁ ਪਿਤੁ ਕੁਤਿਹੋ ਚਟਿ ਜਾਹੁ।*
*ਜਿਥੈ ਜੀਆਂ ਹੋਸੀ ਸਾਰ।*
*ਨਕੀ ਵਢੀ ਲਾਇਤਬਾਰ।(ਰਾਗ ਮਲਾਰ)*

ਇਹ ਹੀ ਨਹੀਂ, ਉਸ ਵੇਲੇ ਦੀ ਸਮਾਜਿਕ ਵਿਵਸਥਾ ਵਿਚ ਜਾਤ-ਪਾਤ ਦੀ ਵੰਡ ਵੀ ਮਾਰੂ ਪ੍ਰਭਾਵ ਪਾ ਰਹੀ ਸੀ, ਇਹ ਵੰਡ ਮਨੁੱਖ ਨੂੰ ਮਨੁੱਖ ਤੋਂ ਦੂਰ ਕਰ ਰਹੀ ਸੀ।ਗੁਰੂ ਨਾਨਕ ਦੇਵ ਜੀ ਦੀ ਬਾਣੀ ਤਾਂ ਸਾਂਝੀਵਾਲਤਾ ਦਾ ਉਪਦੇਸ਼ ਦਿੰਦੀ ਰਹੀ ਹੈ।ਉਹਨਾਂ ਨੇ ਇਸ ਵਰਣ-ਵੰਡ ਨੂੰ ਨਿਕਾਰਦਿਆਂ ਇਹ ਵਿਚਾਰ ਦਿੱਤਾ ਕਿ ਸਭ-ਜੀਵ ਹਰਿ ਦੀ ਕਿਰਪਾ ਨਾਲ ਪੈਦਾ ਹੋਏ ਹਨ ਅਤੇ ਸਾਰਿਆਂ ਵਿਚ ਹਰਿ ਦੀ ਜੋਤ ਹੈ ਫਿਰ ਇਹ ਜਾਤ-ਪਾਤ ਦਾ ਵਿਤਕਰਾ ਕਿਉਂ:

*ਪਵਣੈ ਪਾਣੀ ਜਾਣੈ ਜਾਤਿ।*
*ਕਾਇਆ ਅਗਨਿ ਕਰੇ ਨਿਭਰਾਂਤਿ।*
*ਜੰਮਹਿ ਜੀਅ ਜਾਣੈ ਜੇ ਥਾਉ।*
*ਸੁਰਤਾ ਪੰਡਿਤ ਤਾ ਕਾ ਨਾਉ।*

ਉਸ ਵੇਲਾ ਦੇ ਸਮਾਜ ਵਿਚ ਜਿੱਥੇ ਜਾਤ-ਪਾਤ ਦਾ ਵਿਤਕਰਾ, ਉੱਥੇ ਇਸਤਰੀਆਂ ਪ੍ਰਤਿ ਵੀ ਲੋਕਾਂ ਦਾ ਵਿਹਾਰ ਚੰਗਾ ਨਹੀਂ ਸੀ।ਇਥੋਂ ਤੱਕ ਕਿ ਜਿਹੜੇ ਪ੍ਰਮਾਤਮਾ ਨੂੰ ਪਾਉਣ ਦੇ ਰਾਹ ਤੁਰੇ ਹੋਏ ਸਨ ਉਹ ਵੀ ਘਰ-ਬਾਰ ਤਿਆਗਣ ਨੂੰ ਪਹਿਲ ਦੇ ਰਹੇ ਸਨ।ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨਾਲ ਅਧਿਆਮਿਕ ਸੰਵਾਦ ਰਚਾਉਂਦਿਆਂ ਉਹਨਾਂ ਨੂੰ ਗ੍ਰਹਿਸਤ ਨਾ ਤਿਆਗਣ ਦਾ ਉਪਦੇਸ਼ ਦਿੱਤਾ।ਗੁਰੂ ਨਾਨਕ ਦੇਵ ਜੀ ਔਰਤ ਨੂੰ ਮਰਦ ਦੇ ਬਰਾਬਰ ਸਮਝਣ ਦਾ ਉਪਦੇਸ਼ ਦਿੱਤਾ:

*ਭੰਡਿ ਜੰਮੀਆਂ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡ ਭਾਲਿਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥(ਵਾਰ ਆਸਾ 1(190)(ਪੰ 473)*

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸਮਾਜ ਨੂੰ ਸੱਚੇ ਸੁੱਚੇ ਜੀਵਨ ਦੀ ਸੇਧ ਦਿੱਤੀ। ਸੱਚਾ ਜੀਵਨ ਜੀਉਣ ਅਤੇ ਪ੍ਰਮਾਤਮਾ ਨਾਲ ਇਕ-ਰੂਪਤਾ ਗ੍ਰਹਿਣ ਦਾ ਮਾਰਗ ਜਪੁ ਜੀ ਵਿਚੋਂ ਮਿਲਦਾ ਹੈ ਅਤੇ ਇਹ ਬਾਣੀ ਸਾਰੀਆਂ ਬਾਣੀਆਂ ਵਿਚੋਂ ਵੱਧ ਸਲਾਹੀ ਵੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਜਪੁ ਜੀ' ਸਾਹਿਬ ਨੂੰ ਸਾਰੀਆਂ ਬਾਣੀਆਂ ਤੋਂ ਪਹਿਲ ਦਿੱਤੀ ਗਈ ਹੈ। ਮੂਲ ਮੰਤ੍ਰ ਬਾਰੇ ਕਿਹਾ ਜਾਂਦਾ ਹੈ ਕਿ ਇਹ ਪ੍ਰਮਾਤਮਾ ਦਾ ਸਰੂਪ ਦਰਸਾਉਣ ਵਿਚ ਪੂਰੀ ਵਿਸ਼ੇਸ਼ਤਾ ਰੱਖਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਬਾਣੀ ਵਿਚ ਗੁਰਮਤਿ ਵਿਚਾਰਧਾਰਾ ਸਮੋਈ ਹੋਈ ਹੈ। ਡਾ. ਦੀਵਾਨ ਸਿੰਘ (1970:50) ਅਨੁਸਾਰ "ਜਿਥੇ ਜਪੁ ਜੀ ਸਾਹਿਬ ਵਿਚ ਇਕ ਸਮੁੱਚੀ ਵਿਚਾਰਧਾਰਾ ਅਤੇ ਸਮੁੱਚਾ ਆਸ਼ਾ ਪਰਗਟ ਕੀਤਾ ਗਿਆ ਹੈ, ਉੱਥੇ ਹਰ ਪਉੜੀ ਆਪਣੇ ਆਪ ਵਿਚ ਇਕ ਪੂਰਨ ਵਿਚਾਰ ਤੇ ਰੂਪ ਵੀ ਰੱਖਦੀ ਹੈ। ਹਰ ਪਉੜੀ ਜਪੁ ਜੀ ਦੀ ਸਮੁੱਚੀ ਵਿਉਂਤ ਦਾ ਇਕ ਭਾਗ ਵੀ ਹੈ ਅਤੇ ਗੁਰਮਤਿ ਦੇ ਕਿਸੇ ਸਿਧਾਂਤ ਦਾ ਇਕ ਸੰਪੂਰਨ ਪਰਗਟਾ ਵੀ ਹੈ। ਹਰ ਪਉੜੀ ਦੀ ਪੂਰਨਤਾ ਇਸ ਆਸ਼ੇ ਤੋਂ ਵੀ ਹੈ ਕਿ ਜਦ ਬਹੁਤ ਸਾਰੇ ਜ਼ਰੂਰੀ ਵਿਸ਼ਿਆਂ ਨੂੰ ਇਕ ਸੰਖੇਪ ਰਚਨਾ ਵਿਚ ਇਕੱਠਿਆਂ ਕੀਤਾ ਜਾਏ ਤਾਂ ਹਰ ਵਿਸ਼ੇ ਨੂੰ ਇਕ ਸੰਪੂਰਨ ਰੂਪ ਵੀ ਦੇਣਾ ਪੈਂਦਾ ਹੈ ਤਾਂ ਜੋ ਹਰ ਵਿਚਾਰ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇ ਅਤੇ ਕੋਈ ਅੰਤਮ ਰੂਪ ਧਾਰਨ ਕਰ ਲਵੇ। ਇਹੀ ਕਾਰਨ ਹੈ ਕਿ ਜਪੁ ਜੀ ਦੀ ਵਿਆਖਿਆ ਵਜੋਂ ਅਨਗਿਣਤ ਟੀਕੇ ਲਿਖੇ ਗਏ ਹਨ ਅਤੇ ਲਿਖੇ ਜਾ ਰਹੇ ਹਨ।" ਜਪੁ ਜੀ ਸਾਹਿਬ ਦਾਰਸ਼ਨਿਕ ਰਚਨਾ ਹੈ, ਜਿਸ ਵਿਚ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੀਰਘ ਅਧਿਐਨ ਉਪਰੰਤ ਪ੍ਰਾਪਤ ਹੁੰਦੇ ਹਨ। ਹੱਥਲੇ ਪੱਤਰ ਦਾ ਅਧਿਐਨ ਵਿਸ਼ਲੇਸ਼ਣ ਇਸ ਪ੍ਰਸੰਗ ਵਿਚ ਕੀਤਾ ਗਿਆ ਹੈ।

'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਜਪੁ ਜੀ ਬਾਣੀ ਦਾ ਮੂਲ ਮੰਤ੍ਰ ਹੈ, ਜਿਸ ਵਿਚ ਪ੍ਰਮਾਤਮਾ ਦੇ ਸਰੂਪ ਦੀ ਗੱਲ ਕੀਤੀ ਗਈ ਹੈ ਕਿ ਉਹ ਕੇਵਲ ਇਕ ਹੈ, ਉਸਦਾ ਨਾਂ ਸਤਿ ਹੈ, ਉਸਨੂੰ ਕਿਸੇ ਦਾ ਡਰ ਨਹੀਂ, ਉਹ ਵੈਰ ਰਹਿਤ ਹੈ, ਉਹ ਸਮੇਂ ਦੀ ਮਾਰ ਤੋਂ ਪਰ੍ਹਾਂ ਹੈ, ਉਹ ਜੂਨਾਂ ਵਿਚ ਨਹੀਂ ਆਉਂਦਾ, ਆਪਣੇ ਆਪ ਤੋਂ ਪ੍ਰਕਾਸ਼-ਵਾਨ ਹੈ, ਉਹ ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦਾ ਹੈ। ਜਪੁ ਜੀ ਸਾਹਿਬ ਦੇ ਸ਼ੁਰੂ ਵਿਚ ਕਿਹਾ ਗਿਆ ਹੈ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ'। ਪ੍ਰਮਾਤਮਾ ਸੱਚਾ ਸਰੂਪ ਹੈ, ਉਹ ਦੁਨੀਆ ਦੇ ਮੁੱਢ ਵਿਚ ਵੀ ਸੀ, ਯੁਗਾਂ ਤੋਂ ਸ਼ੁਰੂ ਹੋਣ ਵੇਲੇ ਵੀ ਸੀ, ਹੁਣ ਵੀ ਵਿਆਪਕ ਹੈ ਅਤੇ ਭਵਿੱਖ ਵਿਚ ਵੀ ਵਿਆਪਕ ਰਹੇਗਾ। ਇਸ ਤਰ੍ਹਾਂ ਇਹ ਪ੍ਰਮਾਤਮਾ ਦੇ ਰੂਪ ਅਤੇ ਉਸ ਦੇ ਗੁਣਾਂ ਬਾਰੇ ਦੱਸਿਆ ਗਿਆ ਹੈ। ਹੁਣ ਸਵਾਲ ਇਹ ਖੜਾ ਹੁੰਦਾ ਹੈ ਕਿ ਉਸ ਨੂੰ ਕਿਸ ਤਰ੍ਹਾਂ ਪਾਇਆ ਜਾਵੇ? ਉਹ ਸੋਚ ਦੇ ਘੇਰੇ ਵਿਚ ਨਹੀਂ ਆਉਂਦਾ, ਚੁੱਪ ਧਾਰਨ ਨਾਲ ਵੀ ਨਹੀਂ ਮਿਲਦਾ, ਵਰਤ ਵੀ ਸਾਧਨ ਨਹੀਂ ਬਣਦੇ, ਹਜ਼ਾਰਾਂ ਸਿਆਣਪਾਂ ਵੀ ਬੇਅਰਥ ਹਨ ਤਾਂ ਫਿਰ ਸੱਚ ਵਾਲਾ ਕਿਵੇਂ ਬਣਿਆ ਜਾਵੇ? ਇਹ ਤਾਂ ਹੀ ਸੰਭਵ ਹੈ ਜੇਕਰ ਉਸਦੇ ਹੁਕਮ ਤੇ ਰਜ਼ਾ ਵਿਚ ਚੱਲਿਆ ਜਾਵੇ। ਉਸ ਸਮੇਂ ਦੇ ਸਮਾਜ ਵਿਚ ਨਾਥ-ਜੋਗੀ ਘਰ-ਵਰ ਤਿਆਗ ਕੇ ਮੋਨ ਸਮਾਧੀਆਂ ਰਾਹੀਂ, ਜੈਨ ਧਰਮ ਦੇ ਲੋਕ ਲੰਬੇ ਵਰਤਾਂ ਰਾਹੀਂ ਅਤੇ ਅਖੌਤੀ ਗਿਆਨਵਾਨ ਲੋਕ ਕੇਵਲ ਧਾਰਮਿਕ ਗ੍ਰੰਥਾਂ ਦੇ ਪੜ੍ਹਣ ਨੂੰ ਹੀ ਪ੍ਰਮਾਤਮਾ ਦੇ ਪਾਉਣ ਦਾ ਸਾਧਨ ਮੰਨ ਰਹੇ ਸਨ ਪਰ ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਨੂੰ ਪਾਉਣ ਦਾ ਰਾਹ ਉਹਦੇ ਹੁਕਮ ਅਤੇ ਰਜ਼ਾ ਵਿਚ ਚੱਲਣਾ ਦੱਸਿਆ। ਪ੍ਰਮਾਤਮਾ ਦੀ ਪ੍ਰਾਪਤੀ ਲਈ ਉਸਦੇ ਹੁਕਮ ਨੂੰ ਸਮਝਣਾ ਜ਼ਰੂਰੀ ਹੈ, ਉਸਦੇ ਹੁਕਮ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ, ਹੁਕਮ ਨਾਲ ਹੀ ਜੀਵ-ਜੰਤੂ ਪੈਦਾ ਹੁੰਦੇ ਹਨ, ਹੁਕਮ ਨਾਲ ਹੀ ਦੁਖ-ਸੁਖ ਮਿਲਦੇ ਹਨ। ਉਸਦੇ ਹੁਕਮ ਤੋਂ ਬਗੈਰ ਕੁਝ ਨਹੀਂ ਹੈ। ਜੀ. ਐਲ. ਸ਼ਰਮਾ (ਮਿਤੀਹੀਣ:58) ਅਨੁਸਾਰ "ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਜਿੰਨੇ ਵੀ ਦਾਰਸ਼ਨਿਕ ਵਿਚਾਰ ਪ੍ਰਗਟਾਏ ਜਾ ਚੁੱਕੇ ਹਨ ਉਨ੍ਹਾਂ ਦੀ ਬੁਨਿਆਦ ਮੂਲ ਰੂਪ ਵਿਚ ਤਿੰਨ ਪ੍ਰਕਾਰ ਦੀ ਹੈ:-

1. **ਅਦਵੈਤਵਾਦ**-ਬ੍ਰਹਿਮੰਡ ਵਿਚ ਸਭ ਈਸ਼ਵਰ ਦਾ ਹੀ ਸਰੂਪ ਹੈ ਅਤੇ ਜੀਵ ਤੇ ਜਗਤ ਕੁਝ ਨਹੀਂ (ਬ੍ਰਹਿੰਮ ਸਤਿਅੰਮ, ਜਗਤ ਮਿਥਿਆ) ਇਸੇ ਨੂੰ ਵੇਦਾਂਤ ਵੀ ਕਿਹਾ ਜਾਂਦਾ ਹੈ। ਇਸ ਸ਼ਾਖਾ ਦੇ ਵੱਡੇ ਪ੍ਰਚਾਰਕ ਸ਼ੰਕਰਚਾਰਯਾ ਜੀ ਸਨ। ਪਰ, ਇਸ ਵਿਚਾਰਧਾਰਾ ਦੀ ਇਕ ਉਪ-ਸ਼ਾਖਾ ਹੈ ਜੋ ਜਗਤ ਨੂੰ ਮਿਥਿਆ (ਝੂਠ) ਨਹੀਂ ਮੰਨਦੀ-ਸਗੋਂ ਜੀਵ ਨੂੰ ਵੀ ਪ੍ਰਮਾਤਮਾ ਵਾਂਗ ਅਮਰ ਤੇ ਉਸ ਦੀ ਅੰਸ਼ ਮੰਨਦੇ ਹਨ। ਉਸ ਨੂੰ 'ਵਿਸ਼ਿਸ਼ਟ ਅਦਵੈਤ' ਕਹਿੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਦਾਰਸ਼ਨਿਕ ਵਿਚਾਰ ਵਿਸ਼ਿਸ਼ਟ ਅਦਵੈਤ ਨਾਲ ਮਿਲਦੇ ਹਨ।
2. **ਦਵੈਤਵਾਦ**- ਇਸ ਦਰਸ਼ਨ ਸ਼ਾਸਤਰ ਅਨੁਸਾਰ 'ਪ੍ਰਮਾਤਮਾ' ਅਤੇ 'ਜੀਵ' ਦੋਵੇਂ ਅਨਾਦਿ ਹਨ-ਦੋਵੇਂ ਇਕ ਦੂਜੇ ਤੋਂ ਸੁਤੰਤਰ ਹਨ ਅਤੇ ਕੋਈ ਇਕ ਦੂਜੇ ਦੇ ਕੰਮ ਵਿਚ ਦਖਲ ਨਹੀਂ ਦੇ ਸਕਦਾ।
3. **ਤ੍ਰੈਤਵਾਦ**- ਇਸ ਦਰਸ਼ਨ ਗ੍ਰੰਥ ਅਨੁਸਾਰ ਬ੍ਰਹਿੰਮ, ਜੀਵ ਅਤੇ ਪ੍ਰਕਿਰਤੀ ਤਿੰਨੇ ਅਨਾਦਿ ਹਨ- ਤਿੰਨੇ ਆਪਣੀ ਆਪਣੀ ਥਾਂ 'ਤੇ ਸੁਤੰਤਰ ਹਨ ਅਤੇ ਇਕ ਦੂਜੇ ਦੇ ਕੰਮ ਵਿਚ ਦਖਲ ਨਹੀਂ ਦੇਂਦੇ। ਪਰ ਪਉੜੀ ਦੂਜੀ ਵਿਚ ਆਏ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਅਨੁਸਾਰ ਰੱਬੀ ਹੁਕਮ ਨਾਲ ਹੀ 'ਜੀਵ' ਆਵਾ ਗਵਨ ਵਿਚ ਭੌਂਦਾ ਹੈ ਅਤੇ ਹੰਕਾਰ ਨੂੰ ਮਾਰ ਕੇ ਰੱਬੀ ਹੁਕਮ ਵਿਚ ਚਲਦਿਆਂ ਹੋਇਆਂ ਜੀਵ ਮੋਖਸ਼ ਪ੍ਰਾਪਤ ਕਰ ਸਕਦਾ ਹੈ। ਸਪੱਸ਼ਟ ਹੈ, ਕਿ ਗੁਰੂ ਸਾਹਿਬ 'ਜੀਵ' ਨੂੰ ਰੱਬ ਦੇ ਹੁਕਮ ਵਿਚ ਚੱਲ ਰਿਹਾ ਮੰਨਦੇ ਹਨ- ਇਸ ਲਈ ਆਪ ਦਾ ਫਲਸਫਾ 'ਵਿਸ਼ਿਸ਼ਟ ਅਦਵੈਤ' ਨਾਲ ਮੇਲ ਖਾਂਦਾ ਹੈ। ਆਪ ਨਰੋਲ ਅਦਵੈਤਵਾਦੀਆਂ ਵਾਂਗ 'ਜੀਵ' ਤੇ 'ਜਗਤ' ਨੂੰ ਮਿਥਿਆ ਨਹੀਂ ਕਹਿੰਦੇ, ਇਨ੍ਹਾਂ ਦੋਹਾਂ ਦੀ ਹੋਂਦ ਤੋਂ ਉੱਕਾ ਇਨਕਾਰ ਨਹੀਂ ਕਰਦੇ। ਸਗੋਂ ਵਿਸ਼ਸ਼ਟ ਅਦਵੈਤਵਾਦੀਆਂ ਵਾਂਗ ਇਨ੍ਹਾਂ ਦੋਹਾਂ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ ਅਤੇ ਇਨ੍ਹਾਂ ਨੂੰ ਰੱਬੀ ਹੁਕਮ ਦੇ ਅਧੀਨ ਚਲ ਰਹੇ ਮੰਨਦੇ ਹਨ।"

ਜਪੁ ਜੀ ਸਾਹਿਬ ਵਿਚ ਰੱਬ ਦੀ ਬੇਅੰਤਤਾ, ਉਸ ਨੂੰ ਪ੍ਰਾਪਤ ਕਰਨ ਦਾ ਰਾਹ, ਰੱਬੀ ਨਾਮ ਮਾਰਗ, ਹੱਠ ਯੋਗ ਦੀ ਅਸਮਰੱਥਾ, ਨਾਮ ਸੁਣਨ ਦੇ ਲਾਭ, ਨਾਮ ਮੰਨਣ ਦੇ ਲਾਭ, ਪੰਚਾਂ ਦੀ ਪ੍ਰਧਾਨਤਾ, ਕੁਦਰਤ ਦੀ ਵਿਸ਼ਾਲਤਾ, ਪਾਪ-ਨਵਿਰਤੀ ਦੇ ਸਾਧਨ, ਭਗਤੀ ਦੀ ਉੱਤਮਤਾ, ਸਿਸ਼੍ਟੀ ਦਾ ਬੇਓੜਕ ਪਾਸਾਰਾ, ਪ੍ਰੇਮਾ ਭਗਤੀ, ਰੱਬ ਦੀ ਕਰਮ-ਬਹੁਲਤਾ, ਰੱਬ ਦੀ

ਅਮੁੱਲਤਾ, ਰੱਬ ਦੇ ਦਰ ਘਰ ਦੀ ਵਡਿਆਈ ਤੇ ਉਚਿਆਈ ਆਦਿ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਇਸ ਦੇ ਨਾਲ ਹੀ ਇਸ ਬਾਣੀ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਮਨੁੱਖ ਰੱਬ ਦੀ ਪ੍ਰੇਮਾ ਭਗਤੀ ਰਾਹੀਂ ਦੈਵੀ ਗੁਣਾਂ ਤੇ ਸ਼ੁਭ ਕਰਨੀਆਂ ਦਾ ਧਾਰਨੀ ਹੋ ਕੇ ਸੰਸਾਰ ਵਿਚ ਸੰਸਾਰੀਆਂ ਵਾਂਗ ਵਿਚਰਦੇ ਹੋਏ ਨਾਮ ਜਪਦਿਆਂ, ਕਿਰਤ ਕਰਦਿਆਂ, ਵੰਡ ਛਕਦਿਆਂ ਤੇ ਸਰਬਤ ਦਾ ਭਲਾ ਮੰਗਦਿਆਂ ਹੀ ਪ੍ਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ। ਜਪੁ ਜੀ ਸਾਹਿਬ ਵਿਚ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ ਰਾਹੀਂ ਜਗਿਆਸੂ ਨੂੰ ਪ੍ਰਮਾਤਮਾ ਨਾਲ ਇਕ ਰੂਪ ਹੋਣ ਲਈ ਰਾਹ ਦਰਸਾਏ ਗਏ ਹਨ। ਧਰਮ ਖੰਡ ਵਿਚ ਸਿਸ਼੍ਰਟੀ ਦੇ ਤੱਤਾਂ ਤੇ ਗੁਣਾਂ ਦਾ ਵਰਣਨ ਹੈ। ਡਾ. ਪਰਮਵੀਰ ਸਿੰਘ (2014:88) ਅਨੁਸਾਰ "ਧਰਮ ਖੰਡ ਮਨੁੱਖ ਦੇ ਮਨ ਵਿਚ ਅਧਿਆਤਮਿਕ ਪੰਧ ਦੀ ਤਿਆਰੀ ਦੀ ਭਾਵਨਾ ਪੈਦਾ ਕਰਦਾ ਹੋਇਆ ਉਸ ਨੂੰ ਚੇਤੰਨ ਕਰਦਾ ਹੈ ਕਿ ਉਹ ਇਸ ਧਰਤੀ ਤੇ ਬਗ਼ੈਰ ਕਿਸੇ ਮਨੋਰਥ ਦੇ ਨਹੀਂ ਹੈ। ਇਸ ਖੰਡ ਦਾ ਅਹਿਸਾਸ ਮਨੁੱਖ ਨੂੰ ਉਸ ਸਮੇਂ ਹੁੰਦਾ ਹੈ ਜਦੋਂ ਉਸ ਸੁਣਨ ਤੇ ਮੰਨਣ ਦੀਆਂ ਪਉੜੀਆਂ ਤੇ ਅਮਲ ਕਰਦੇ ਹੋਏ ਮਨ ਨੂੰ ਪ੍ਰਭੂ ਦੇ ਨਾਮ ਨਾਲ ਨਿਰਮਲ ਕਰਨ ਦੇ ਸਮਰੱਥ ਹੋ ਜਾਂਦਾ ਹੈ, ਮਨ ਵਿਚੋਂ ਸਭ ਸ਼ੰਕੇ ਨਿਵਰਤ ਹੋ ਜਾਂਦੇ ਹਨ ਅਤੇ ਉਸ ਦਾ ਧਿਆਨ ਦੁਨਿਆਵੀ ਜਗਤ ਵਿਚ ਪਸਰੇ ਹੋਏ ਅਧਿਆਤਮਿਕ ਜਗਤ ਵੱਲ ਮੁੜਦਾ ਹੈ। ਇਸ ਅਵਸਥਾ ਤੱਕ ਪੁੱਜਣਾ ਵੀ ਕੋਈ ਸੌਖਾ ਕਾਰਜ ਨਹੀਂ ਹੁੰਦਾ ਕਿਉਂਕਿ ਦੁਨਿਆਵੀ ਜਗਤ ਦੀ ਮਾਇਆ ਉਸ ਦਾ ਧਿਆਨ ਇਸ ਪਾਸੇ ਵੱਲ ਲੱਗਣ ਹੀ ਨਹੀਂ ਦਿੰਦੀ। ਪੰਜ ਖੰਡਾਂ ਵਿਚੋਂ ਇਹ ਪਹਿਲੀ ਅਵਸਥਾ ਮਨੁੱਖ ਦੇ ਮਨ ਵਿਚ ਅਧਿਆਤਮਿਕਤਾ ਦੀ ਭਾਵਨਾ ਪੈਦਾ ਕਰਦੀ ਹੈ ਜਿਸ ਦੇ ਅਧੀਨ ਉਹ ਸਿਸ਼੍ਰਟੀ ਦੀ ਰਚਨਾ ਸਮਝਣ ਵੱਲ ਰੁਚਿਤ ਹੁੰਦਾ ਹੈ।" ਸਦਾਚਾਰਕ ਗਿਆਨ ਨਾਲ ਮਨੁੱਖ ਗਿਆਨੀ ਹੋ ਜਾਂਦਾ ਹੈ। ਮਨੁੱਖ ਆਪੇ ਵਿਚੋਂ ਨਿੱਕਲ ਕੇ ਪ੍ਰਮਾਤਮਾ ਦੇ ਅਨੰਤਤਾ ਦਾ ਗਮਨ ਕਰਨ ਲੱਗ ਪੈਂਦਾ ਹੈ। ਗਿਆਨ ਖੰਡ ਨੂੰ ਧਰਮ ਖੰਡ ਦੀ ਅਗਲੀ ਅਵਸਥਾ ਕਿਹਾ ਜਾਂਦਾ ਹੈ। ਡਾ. ਪਰਮਵੀਰ ਸਿੰਘ (2014:90) ਅਨੁਸਾਰ "ਦੁਨਿਆਵੀ ਅਤੇ ਦੈਵੀ ਗਿਆਨ ਪ੍ਰਾਪਤ ਕਰਨ ਦੇ ਚਾਰ ਪ੍ਰਮੁੱਖ ਮਾਰਗ ਭਾਰਤੀ ਦਰਸ਼ਨ ਵਿਚ ਦਰਸਾਏ ਗਏ ਹਨ-ਪ੍ਰਤੱਖ, ਅਨੁਮਾਨ, ਤੁਲਨਾਤਮਕ ਅਤੇ ਸ਼ਬਦ। ਪ੍ਰਤੱਖ ਗਿਆਨ ਦੀ ਵਰਤੋਂ ਦਿਖਾਈ ਦਿੰਦੀਆਂ ਵਸਤਾਂ ਦੇ ਗਿਆਨ ਨਾਲ ਹੁੰਦੀ ਹੈ, ਦਿਖਾਈ ਦੇ ਰਹੀਆਂ ਵਸਤਾਂ ਸੰਬੰਧੀ ਜਦੋਂ ਸਪਸ਼ਟਤਾ ਨਾ ਹੋਵੇ ਤਾਂ ਅਨੁਮਾਨ ਦੀ ਵਰਤੋਂ ਕੀਤੀ ਜਾਂਦੀ ਹੈ। ਜਦੋਂ ਇਕ ਤੋਂ ਵਧੇਰੇ ਵਸਤਾਂ ਸਾਹਮਣੇ ਹੋਣ ਤਾਂ ਤੁਲਨਾਤਮਕ ਗਿਆਨ ਸੱਚਾਈ ਤੇ ਪਹੁੰਚਣ ਵਿਚ ਸਹਾਇਤਾ ਕਰਦਾ ਹੈ। ਗਿਆਨ ਦੇ ਇਨ੍ਹਾਂ ਤਿੰਨਾਂ ਰੂਪਾਂ ਵਿਚ ਗਿਆਨ ਇੰਦਰੀਆਂ ਅਤੇ ਬੁੱਧੀ ਦੀ ਵਰਤੋਂ ਹੁੰਦੀ ਹੈ। ਸ਼ਬਦ ਦਾ ਗਿਆਨ ਦੈਵੀ ਅਨੁਭਵ ਨਾਲ ਸੰਬੰਧਿਤ ਹੈ, ਇਹ ਸੁਤੇ-ਸਿੱਧ ਹੁੰਦਾ ਹੈ।" ਸਰਮ ਖੰਡ ਵਿਚ ਦੁਨਿਆਵੀ ਵਿਸ਼ੇ-ਵਿਕਾਰਾਂ ਨੂੰ ਤਿਆਗ ਕੇ ਆਤਮਿਕ ਆਨੰਦ ਦੇ ਰਾਹ ਲਈ ਕੀਤੀ ਜਾਣ ਵਾਲੀ ਮਿਹਨਤ ਬਾਰੇ ਦੱਸਿਆ ਗਿਆ ਹੈ। ਭਾਵ ਅਧਿਆਤਮਿਕ ਰਾਹ ਵੱਲ ਅਗਰਸਰ ਹੋਣ ਦੀ ਪ੍ਰੇਰਨਾ ਮਿਲਦੀ ਹੈ। ਇਸ ਅਵਸਥਾ ਵਿਚ ਮਤ, ਮਨ ਤੇ ਬੁੱਧੀ ਵਿਚ ਉੱਚੀ ਸੁਰਤ ਘੜੀ ਜਾਂਦੀ ਹੈ ਅਤੇ ਇੱਥੇ ਹੀ ਦੇਵਤੇ ਤੇ ਸਿੱਧਾਂ ਵਾਲੀ ਸੋਝੀ ਘੜੀ ਜਾਂਦੀ ਹੈ। ਕਰਮ ਖੰਡ ਵਿਚ ਕਰਮ ਦਾ ਭਾਵ ਬਖਸ਼ਿਸ਼ ਤੋਂ ਹੈ। ਇਸ ਅਵਸਥਾ ਵਿਚ ਜਗਿਆਸੂ ਪਦਾਰਥਾਂ ਦੀ ਲਾਲਸਾ ਤੋਂ ਹਟ ਕੇ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ ਅਤੇ ਵਿਸ਼ੇ ਵਿਕਾਰਾਂ ਜਿਵੇਂ ਕਿ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਮੁਕਤ ਰਹਿੰਦਾ ਹੈ। ਭਾਵ ਰੱਬ ਨਾਲ ਇਕਸੁਰਤਾ ਵਾਲਾ ਭਾਵ ਪੈਦਾ ਹੋ ਜਾਂਦਾ ਹੈ। ਸੱਚ ਖੰਡ ਮਨੁੱਖ ਦੇ ਜੀਵਨ ਦਾ ਨਿਸ਼ਾਨਾ ਹੈ। ਇਸ ਪੜਾਅ ਤੇ ਪਹੁੰਚਣ ਵਾਲ ਮਨੁੱਖ ਨੂੰ 'ਸਚਿਆਰਾ' ਕਿਹਾ ਜਾਂਦਾ ਹੈ ਅਤੇ ਜਗਿਆਸੂ ਨੂੰ ਅਨੇਕ ਖੰਡਾਂ ਤੇ ਬ੍ਰਹਿਮੰਡਾਂ ਦਾ ਗਿਆਨ ਮਿਲਣ ਲੱਗ ਜਾਂਦਾ ਹੈ:

*ਸਚ ਖੰਡਿ ਵਸੈ ਨਿਰੰਕਾਰ॥*
*ਕਰਿ ਕਰਿ ਵੇਖੈ ਨਦਰਿ ਨਿਹਾਲ॥*
*ਤਿਥੈ ਖੰਡ ਮੰਡਲ ਵਰਭੰਡ॥*
*ਜੇ ਕੋ ਕਥੈ ਤ ਅੰਤ ਨ ਅੰਤ॥*
*ਤਿਥੈ ਲੋਅ ਲੋਅ ਆਕਾਰ॥*
*ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥*
*ਵੇਖੈ ਵਿਗਸੈ ਕਰਿ ਵੀਚਾਰੁ॥*
*ਨਾਨਕ ਕਥਨਾ ਕਰੜਾ ਸਾਰੁ॥*

ਜਪੁ ਜੀ ਦੇ ਪੰਜ ਖੰਡ ਜਗਿਆਸੂ ਨੂੰ ਸਚਿਆਰਾ ਬਣਨ ਦਾ ਰਾਹ ਦੱਸਦੇ ਹਨ। ਇਹ ਪੜ੍ਹਾਅ ਪਾਰ ਕਰਕੇ ਜਗਿਆਸੂ ਦੇ ਮਨ ਵਿਚ ਦੂਜਿਆਂ ਪ੍ਰਤੀ ਪ੍ਰੇਮ, ਹਮਦਰਦੀ, ਸੇਵਾ ਆਦਿ ਦਾ ਭਾਵ ਪੈਦਾ ਹੋ ਕੇ ਸਰਬ-ਸਾਂਝੀਵਾਲਤਾ ਦੇ ਰਾਹ ਤੁਰ ਪੈਂਦਾ ਹੈ। ਬਾਣੀ ਵਿਚ ਰਚੇ ਗਏ ਸੰਵਾਦ ਜਗਿਆਸੂ ਨੂੰ ਸਕਾਰਾਤਮਿਕ ਰਾਹ ਦਿਖਾਉਂਦੇ ਹਨ। ਸੱਚੀ-ਸੁੱਚੀ ਕਿਰਤ ਨਾਲ ਜੋੜਦੇ ਹਨ। ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕਿਰਤ ਕਰੋ, ਵੰਡ ਛਕੋ, ਨਾਮ ਜਪੋ ਜਗਿਆਸੂ ਨੂੰ ਸਚਿਆਰੇ ਜੀਵਨ ਦਾ ਰਾਹ ਦੱਸਦਾ ਹੈ। ਜੀਵਨ ਵਿਚ ਵਿਚਰਦਿਆਂ ਮਨੁੱਖ ਨੂੰ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਕਿਰਤ ਕਰਨੀ ਪੈਂਦੀ ਹੈ। ਕਿਰਤ ਦਾ ਸਬੰਧ ਆਰਥਿਕਤਾ ਦੇ ਨਾਲ ਹੈ। ਮਨੁੱਖ ਨੂੰ ਉਤਨਾ ਹੀ ਧਨ ਇਕੱਤਰ ਕਰਨਾ ਚਾਹੀਦਾ ਹੈ ਜਿਹੜਾ ਉਸਦੀਆਂ ਲੋੜਾਂ ਪੂਰੀਆਂ ਕਰੇ ਨਾ ਕਿ ਲਾਲਸਾਵਾਂ। ਵੰਡ ਛਕੋ ਦਾ ਸੰਕਲਪ ਲੋੜਵੰਦਾਂ ਦੀ ਸਹਾਇਤਾ ਨਾਲ ਜਾ ਜੁੜਦਾ ਹੈ। ਨਾਮ ਜਪੋ, ਕੇਵਲ ਬਾਣੀ ਦੇ ਅਧਿਐਨ ਤੱਕ ਸੀਮਿਤ ਨਹੀਂ ਇਹ ਉਹਨਾਂ ਕਦਰਾਂ ਕੀਮਤਾਂ ਦੇ ਨਾਲ ਜੁੜਿਆ ਹੋਇਆ ਹੈ ਜੋ ਸਾਨੂੰ ਨੈਤਿਕਤਾ ਦਾ ਪਾਠ ਪੜ੍ਹਾਉਂਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਮਨੁੱਖ ਨੂੰ ਮਨੁੱਖ ਨਾਲ, ਮਨੁੱਖ ਨੂੰ ਸਮਾਜ ਨਾਲ ਅਤੇ ਮਨੁੱਖ ਨੂੰ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਸੰਦੇਸ਼ ਦਿੰਦੀ ਹੋਈ ਉਸ ਨੂੰ ਪ੍ਰਕਿਰਤੀ ਨਾਲ ਜੋੜਦੀ ਹੋਈ, ਸਚਿਆਰਾ ਜੀਵਨ ਜਿਉਣ ਦਾ ਮਾਰਗ ਦਰਸ਼ਨ ਕਰਦੀ ਹੈ।

## ਸਹਾਇਕ ਪੁਸਤਕ ਸੂਚੀ।


1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੰਥਾ ਸੈਂਚੀਆਂ (ਭਾਗ-ਪਹਿਲਾ ਅਤੇ ਦੂਜਾ), ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ, 1995.
2. ਸ਼ਰਮਾ, ਜੀ. ਐਲ., ਜਪੁ ਜੀ, ਸੁੰਦਰ ਦਾਸ ਐਂਡ ਸਨਜ਼, ਅੰਮ੍ਰਿਤਸਰ, ਮਿਤੀਹੀਣ.

3. ਸ਼ਾਨ, ਹਰਨਾਮ ਸਿੰਘ, ਗੁਰੂ ਨਾਨਕ ਦਾ ਸ਼ਾਹਕਾਰ ਜਪੁ ਜੀ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ, ਚੰਡੀਗੜ੍ਹ, 1990.
4. ਗੁਰਬਖਸ਼, (ਅਨੁਵਾਦਕ), ਗੁਰੂ ਨਾਨਕ ਲੇਖ ਸੰਗ੍ਰਹਿ, ਪ੍ਰਗਤੀ ਪ੍ਰਕਾਸ਼ਨ, ਮਾਸਕੋ, 1977.
5. ਤਾਰਨ ਸਿੰਘ (ਡਾ.), ਸੰਪਾਦਕ ਤੇ ਟੀਕਾਕਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, (ਭਾਗ-ਪਹਿਲਾ ਅਤੇ ਦੂਜਾ) ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ, ਪਟਿਆਲਾ, 1987.
6. ਦੀਵਾਨ ਸਿੰਘ, ਗੁਰੂ ਨਾਨਕ ਦੀ ਸਾਹਿਤੱਕ ਪ੍ਰਤਿਭਾ ਤੇ ਹੋਰ ਲੇਖ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970.
7. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਵਿਚਾਰ ਕੋਸ਼, ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ, ਪਟਿਆਲਾ, 2011.
8. ਪਰਮਵੀਰ ਸਿੰਘ (ਡਾ.), ਸਿੱਖ ਅਧਿਐਨ, ਗ੍ਰੇਸ਼ਿਅਸ ਬੁਕਸ, ਪਟਿਆਲਾ, 2014.
9. ਰਾਜਿੰਦਰ ਸਿੰਘ (ਸੰਪਾਦਕ), ਪੰਜਾਬੀ ਦੁਨੀਆ, ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ, ਪੰਜਾਬ, 1988.
10. ਵੀਰ ਸਿੰਘ, ਭਾਈ, ਪੁਰਾਤਨ ਜਨਮਸਾਖੀ, ਭਾਈ ਵੀਰ ਸਿੰਘ ਸਾਹਿਤਯ ਸਦਨ, ਨਵੀਂ ਦਿੱਲੀ, 1967.